ਇਸਤ੍ਰੀ ਪੁਰਸ਼ ਸੁਧਾਰ ਦੀ ਪੁਸਤਕ

# ਮਹਾਰਾਣੀ ਚੰਦਰ ਕਲਾ

G-982 ਹਿੱਸਾ ਛੇਵਾਂ

ਪੁਰਖ ਨਾਲ ਇਕਰਾਰ ਇਹ, ਰਹੇ ਪਤੀਬ੍ਰਤ ਨਾਰ ।



ਪੜ੍ਹੀ ਕਰੇ ਉਸ ਪਾਲਣਾ ਸਹਿਤ ਮਾਨ ਸਤਕਾਰ ।

## ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਕੀਮਤ ॥)

ਸਭ ਹਕ ਪਰਕਾਸ਼ ਦੇ ਅਧੀਨ ਹਨ ।

ਸਿਖ ਨੈਸ਼ਨਲ ਏਜੰਸੀ ਵਲੋਂ ਪ੍ਰਕਾਸ਼ਤ ਨੰ: ੧੦੧

ਇਸਤਰੀ ਸਿਖਯਾ ਦੀ ਪੁਸਤਕ

# ਮਹਾਰਾਣੀ ਚੰਦ੍ਰਕਲਾ

ਭਾਗ ਛੀਵਾਂ

ਲੇਖਕ—ਗਿਆਨੀ ਪ੍ਰਤਾਪ ਸਿੰਘ ਜੀ
ਐਡੀਟਰ—ਰਸਾਲਾ "ਮਸਤਾਨਾ" ਅੰਮ੍ਰਿਤਸਰ

ਇਸਤ੍ਰੀ ਪੁਰਸ਼ਾਂ ਦੇ ਸੁਧਾਰ ਦੀ ਬਹੁਤ
ਸਵਾਦਲੀ ਪੁਸਤਕ ਹੈ ।

ਪ੍ਰਕਾਸ਼ਕ
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਪੁਸਤਕਾਂ ਛਾਪਣ ਤੇ ਵੇਚਣ ਵਾਲੇ
ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ।

ਹਰੀ ਪ੍ਰੈਸ ਹਾਲ ਬਜ਼ਾਰ ਅੰਮ੍ਰਿਤਸਰ ਵਿਚ ਸ:
ਹਰਨਾਮ ਸਿੰਘ ਮੈਨੇਜਰ ਦੇ ਯਤਨ ਨਾਲ ਛਪਾ।

੧੦੦੦ ਕੀਮਤ ॥) ਅਠ ਆਨੇ

## ਵਿਸ਼ਨੂੰ ਸਹੰਸਰ ਨਾਮ ਭਾਸ਼ਾ ਟੀਕਾ

ਅਸੀਂ ਬੜੀ ਮੇਹਨਤ ਨਾਲ ਵਿਸ਼ਨੂੰ ਸਹੰਸਰ ਨਾਮ ਸੰਸਕ੍ਰਿਤ ਵਿਚੋਂ ਭਾਸ਼ਾ ਕਰਕੇ ਛਾਪ ਦਿਤਾ ਹੈ ਹਰ ਇਕ ਅਨਜਾਣ ਸਿਆਣ ਨੂੰ ਸਮਝ ਪੈ ਜਾਦੀ ਹੈ, ਕਥਾ ਵਾਂਕਰ ਸਰਲ ਪਾਠ ਹੈ ਮੁਲ ॥) ਹਰ ਇਕ ਹਿੰਦੂ ਮਾਤਰ ਨੂੰ ਇਹ ਜ਼ਰੂਰ ਪੜ੍ਹਨਾ ਚਾਹੀਦਾ ਹੈ।

**ਗਰੜ ਪੁਰਾਣ**—ਸ੍ਰੀ ਗਰੜ ਪੁਰਾਣ ਦਾ ਸੰਸਕ੍ਰਿਤ ਵਿਚੋਂ ਪੰਜਾਬੀ ਭਾਸ਼ਾ ਕਰਵਾਕੇ ਛਾਪ ਦਿਤਾ ਹੈ ਹਿੰਦੂ ਪਰਾਨੀਆਂ ਲਈ ਅਮੋਲਕ ਪੁਸਤਕ ਹੈ ਮੁਲ ੨)

**ਇਕਾਦਸ਼ੀ ਮਹਾਤਮ**—ਇਕਵਰੇ ਦੀਆਂ ਪੂਰੀਆਂ ਇਕਾਦਸ਼ੀਆਂ ਦੇ ਵਖੋ ਵਖ ਪੂਰੇ ਮਹਾਤਮ ਲਿਖੇ ਹਨ ਸੁਖੈਨ ਪੰਜਾਬੀ ਵਿਚ ਤਰਜਮਾਂ ਕਰਵਾਕੇ ਛਾਪੀਆਂ ਹਨ ਮੁਲ ੧॥)

**ਚੰਦਰ ਕਾਰ ਜੋਤਸ਼**—ਆਪ ਇਸ ਪੁਸਤਕ ਨੂੰ ਪੜ੍ਹਕੇ ਵਡੇ ਪੂਰੇ ਜੋਤਸ਼ੀ ਬਨ ਸਕਦੇ ਹੋ ਦੂਜੇ ਦੇ ਦਿਲ ਦੀ ਗਲ ਬੁਝਨੀ ਤਾਂ ਮਾਮੂਲੀ ਗਲ ਹੈ ਦੂਜੇ ਦੇ ਹਰ ਇਕ ਸੁਵਾਲ ਦਾ ਜੁਵਾਬ ਸੁਖੇਨ ਹੀ ਦੇ ਸਕਦੇ ਹੋ। ਅਨਪੜ੍ਹ ਆਦਮੀ ਵੀ ਇਸ ਕਤਾਬ ਨੂੰ ਸੁਣਕੇ ਹਰ ਇਕ ਜੋਤਸ਼ ਲਗਾ ਸਕਦਾ ਹੈ। ਇਹ ਜੋਤਸ਼ ਦੀ ਪੁਸਤਕ ਜੋਤਸ਼ੀ ਪ੍ਰਤਾਪ ਸਿੰਘ ਨੇ ਤਿਆਰ ਕੀਤੀ ਹੈ ਮੁਲ ੧)ਜ਼ਰੂਰ ਮੰਗਵਾਕੇ ਦੇਖੋ।

ਮੰਗੌਣ ਦਾ ਪਤਾ—ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮਰਤਸਰ

22720

੧ੳ ਸਤਿਗੁਰ ਪ੍ਰਸਾਦਿ ॥

# ਮਹਾਰਾਣੀ ਚੰਦਰਕਲਾ

ਲੇਖਕ ਗਿਆਨੀ ਪਰਤਾਪ ਸਿੰਘ ਜੀ

## ਭਾਗ ਛੇਵਾਂ

ਪਾਠਕ ਜਨ! ਪੰਜਵੇ ਭਾਗ ਦੇ ਅੰਤ ਵਿਖੇ ਕੁਮਾਰ ਕਵਲਨੈਣ ਤੇ ਮਹਾਰਾਣੀ ਚੰਦਰਕਲਾ ਦੀ ਬੈਹਸ ਪੜ੍ਹ ਚੁਕੇ ਹਨ, ਮਹਾਰਾਣੀ ਕੁਮਾਰ ਨੂੰ ਆਪਨੇ ਜਾਲ ਵਿਚ ਫਸਾਉਣ ਦੀ ਖਾਤਰ ਕਈ ਕਥਾ ਤੇ ਪਰਮਾਣ ਸੁਨਾਉਂਦੀ ਹੋਈ ਪਾਂਡੂ ਰਾਜੇ ਦੀ ਰਾਣੀ ਕੁੰਤੀ ਦਾ ਹਾਲ ਸੁਣਾ ਰਹੀ ਹੈ, ਪਰਸਿਧ ਪਾਂਡਵ ਰਾਜਾ ਯੁਧਿਸ਼ਟਰ ਤੇ ਸੂਰਬੀਰ ਅਰਜਨ ਦੇ ਜਨਮ ਦਾ ਹਾਲ ਤਾਂ ਸੁਨਾ ਚੁਕੀ ਹੈ, ਹੁਣ ਅਗੇ ਰਾਣੀ ਕੁੰਤੀ ਦੀ ਚੌਥੀ ਕਥਾ ਉਸ ਨੇ ਇਸ ਪਰਕਾਰ ਆਰੰਭ ਕੀਤੀ।

(ਮਹਾਰਾਣੀ ਕੁੰਤੀ ਦੀ ਚੌਥੀ ਵਾਰਤਾ)

ਜਦ ਦੂਸਰਾ ਪੁਤਰ ਅਰਜਨ ਭੀ ਕੁਛ ਤਕੜਾ ਹੋ ਗਿਆ ਤਾਂ ਰਾਣੀ ਕੁੰਤੀ ਨੂੰ ਫੇਰ ਕਾਮ ਇਛਾ ਉਤਪਤ ਹੋਈ, ਇਕ ਦਿਨ ਫਿਰ ਪਤੀ (ਪਾਂਡੂ) ਜੀ ਪਾਸ ਪੁਤਰ ਉਤਪਤ ਕਰਨ ਦੀ ਬੇਨਤੀ ਕਰਕੇ ਆਗਿਆ ਮੰਗੀ।

ਮਹਾਰਾਜਾ ਪਾਂਡੂ ਜੀ ਮਨ ਹੀ ਮਨ ਉਦਾਸ ਹੋਏ ਹੋਏ ਨੇ ਅੰਤ ਆਗਿਆ ਦਿਤੀ ਕਿ ਰਾਣੀ ਜੀ ਜੋ ਆਪ ਦੀ ਮਰਜ਼ੀ।

ਮਹਾਰਾਣੀ ਕੁੰਤੀ ਨੇ ਓਹੋ ਹੀ ਵੇਦ ਮੰਤਰ ਜਪਕੇ "ਪੌਣ" ਦੇਵਤਾ ਨੂੰ ਸਦਿਆ ਪੌਣ ਦੇਵਤਾ ਸਰੂਪ ਧਾਰਕੇ ਕੁੰਤੀ ਦੇ ਪਾਸ ਆਇਆ ਅਰ.................ਦਾਨ ਦਿਤਾ ਜਿਸ ਦਾ ਪੁਤਰ ਭੀਮਸੈਨ ਜੋਧਾ ਜੰਮਿਆ।

ਚੰਦਰਕਲਾ—ਦੇਖ! ਕਵਲਨੈਣ! ਕੀ ਪਵਣ ਦੇਵਤਾ ਭੀ ਧਰਮ ਅਧਰਮ ਨਹੀਂ ਸੀ ਜਾਨਦਾ ਕੀ ਪਵਣ ਦੇਵਤਾ ਦਾ ਪਰਤਾਪ ਘਟ ਗਿਆ?





ਹੈ? ਜਾਂ ਕੁੰਤੀ ਪਤੀਬਰਤਾ ਨਹੀਂ ਰਹੀ? ਇਸ ਦਾ ਜਵਾਬ ਦੇਹ।

ਲੈ ਹੋਰ ਸੁਣ! ਅਜ ਤਾਂ ਮੈਂ ਤੈਨੂੰ ਜ਼ਰੂਰ ਬਰ ਜ਼ਰੂਰ ਹੀ ਖੁਸ਼ ਕਰਕੇ ਛਡਨਾ ਹੈ, ਮੇਰੀ ਵਾਰਤਾ ਸੁਣਕੇ ਬੋਲੀਂ।

(ਮਹਾਰਾਣੀ ਮਾਦਰੀ ਦੀ ਵਾਰਤਾ)

ਦੂਸਰੀ ਰਾਣੀ ਮਹਾਰਾਜਾ ਪਾਂਡੂ ਦੀ ਮਾਦਰੀ ਸੀ, ਮਾਦਰੀ ਭੀ ਹੁਸਨ ਅਤੇ ਜੋਬਨ ਵਿਖੇ ਪੂਰ ਸੀ, ਉਸ ਨੇ ਵੀ ਕੁੰਤੀ ਨੂੰ ਆਖਿਆ ਭੈਣ ਏਹ ਵੇਦ ਮੰਤਰ ਮੈਨੂੰ ਭੀ ਦਸ ਜੋ ਮੈਂ ਭੀ ਆਪਨੀ ਮਨੋ ਕਾਮਨਾ ਪੂਰੀ ਕਰਾਂ ਮੈਂ ਭੀ ਬੜੀ ਦੁਖੀ ਰਹਿੰਦੀ ਹਾਂ।

ਰਾਣੀ ਕੁੰਤੀ ਨੇ ਮਾਦਰੀ ਨੂੰ ਆਖਿਆ "ਹਛਾ ਮੰਤਰ ਦਾ ਜਾਪ ਮੈਂ ਕਰ ਦੇਂਦੀ ਹਾਂ ਤੂੰ ਜਿਸ ਦੇਵਤਾ ਨੂੰ ਸਦਨਾ ਹੋਵੇਗਾ ਉਸ ਦਾ ਧਿਆਨ ਕਰ ਲਵੀਂ ਪਰ ਪੈਹਲਾਂ ਤੂੰ ਰਾਜਾ ਜੀ ਪਾਸੋਂ ਆਗਿਆ ਲੈ ਆ"।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.